ਤੇ ਆਪਣਾ ਕਿਣਕਾ ਭੋਰਾ
ਮੈਂ ਫਿਰ ਮੋੜ ਲਵਾਂਗਾ ।

ਇਹ ਮੇਰਾ ਵਿਸ਼ਵਾਸ
ਇਹ ਜ਼ਿੰਦਗੀ ਕੱਲ੍ਹ ਨੂੰ
ਹੋਰ ਸੁਚੱਜੀ, ਹੋਰ ਸਿਆਣੀ
ਹੋਰ ਵੀ ਸੁਹਣੀ ਹੋਣੀ

ਆਪਣੇ ਲੋਕਾਂ ਤਾਈਂ
ਆਉਣੀ ਹੈ ਇਹ ਰਾਸ
ਇਹ ਮੇਰਾ ਵਿਸ਼ਵਾਸ ।

ਕੀਕਣ ਕੋਈ ਤੱਤੇ
ਕਿਹੜੀ ਗੋਲੀ ਵਿੰਨ੍ਹੇ
ਹਿੱਕ ਮੇਰੀ ਵਿਚ ਬੈਠਾ
ਇਹ ਮੇਰਾ ਵਿਸ਼ਵਾਸ
ਬੈਠਾ ਸ਼ਾਂਤ ਅਡੋਲ ।
ਜਿਹੜੀ ਇਹਨੂੰ ਹਿਲਾਂਵੇ
ਗੋਲੀ ਕਿਸਦੇ ਕੋਲ ?

ਉਹ ਗੋਲੀ ਕਿਤੇ ਨਹੀਂ !
ਉਹ ਗੋਲੀ ਕਿਤੇ ਨਹੀਂ !!